# ਸ਼ਾਮਲ ਹੋਵੋ। ਦੇਖਭਾਲ ਪ੍ਰਾਪਤ ਕਰੋ। ਰੀਨਿਊ ਕਰੋ।

## ਜ਼ਿਆਦਾਤਰ ਘੱਟ ਆਮਦਨ ਵਾਲੇ ਕੈਲੀਫੋਰਨੀਆ ਦੇ ਪਰਿਵਾਰਾਂ ਲਈ ਮੁਫ਼ਤ MEDI-CAL ਜਾਂ ਘੱਟ ਲਾਗਤ ਵਾਲੀ ਕਵਰਡ ਕੈਲੀਫੋਰਨੀਆ ਮੌਜੂਦ ਹੈ।

- Medi-Cal ਇੱਕ **ਜਨਤਕ ਸਿਹਤ ਬੀਮਾ** ਹੈ ਜੋ ਘੱਟ ਆਮਦਨ ਵਾਲੇ ਕੈਲੀਫੋਰਨੀਆ ਵਾਸੀਆਂ ਲਈ ਉਪਲਬਧ ਹੈ। 1 ਜਨਵਰੀ, 2024 ਤੋਂ ਸ਼ੁਰੂ ਕਰਦੇ ਹੋਏ, ਸਾਰੇ ਆਮਦਨ-ਯੋਗ ਕੈਲੀਫੋਰਨੀਆ ਵਾਸੀ ਉਮਰ ਜਾਂ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਫੁੱਲ ਸਕੋਪ Medi-Cal ਲਾਭਾਂ ਲਈ ਯੋਗ ਹੋਣਗੇ। ਤੁਹਾਨੂੰ ਕੋਈ ਐਮਰਜੈਂਸੀ ਹੋਣ 'ਤੇ **ਫੁੱਲ ਸਕੋਪ Medi-Cal** ਸਿਰਫ ਦੇਖਭਾਲ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਵਰ ਕਰਦਾ ਹੈ। ਇਹ ਡਾਕਟਰੀ, ਦੰਦਾਂ, ਮਾਨਸਿਕ ਸਿਹਤ, ਅਤੇ ਨਜ਼ਰ (ਅੱਖਾਂ) ਦੀ ਦੇਖਭਾਲ ਪ੍ਰਦਾਨ ਕਰਦਾ ਹੈ। ਕਵਰਡ ਕੈਲੀਫੋਰਨੀਆ (Covered California) ਵੈੱਬਸਾਈਟ ਰਾਹੀਂ Medi-Cal ਲਈ ਅਰਜ਼ੀ ਦੇਣਾ ਕਵਰ ਪ੍ਰਾਪਤ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੈ।
- **ਕਵਰਡ ਕੈਲੀਫੋਰਨੀਆ** ਵਿਅਕਤੀਆਂ ਅਤੇ ਪਰਿਵਾਰਾਂ ਲਈ ਮੁਫ਼ਤ ਜਾਂ ਘੱਟ ਲਾਗਤ ਵਾਲਾ ਸਿਹਤ ਬੀਮਾ ਪ੍ਰਾਪਤ ਕਰਨ ਲਈ **ਨਿੱਜੀ** ਸਿਹਤ ਬੀਮੇ ਲਈ ਭੁਗਤਾਨ ਕਰਨ ਵਿੱਚ ਮਦਦ ਪ੍ਰਾਪਤ ਕਰਨ ਲਈ ਇੱਕ **ਮੁਫ਼ਤ ਸੇਵਾ** ਹੈ। ਹੋਰ ਜਾਣਕਾਰੀ ਪੰਨਾ 2 'ਤੇ ਹੈ।

## Medi-Cal ਜਾਂ ਕਵਰਡ ਕੈਲੀਫੋਰਨੀਆ ਲਈ ਅਰਜ਼ੀ ਦਿਓ:

**ਫੋਨ ਦੁਆਰਾ:** ***1(800) 300-1506***

***www.CoveredCA.com*** (ਕਵਰਡ CA ਅਤੇ Medi-Cal)
***www.BenefitsCal.com*** (Medi-Cal)


**ਵਿਅਕਤੀਗਤ ਤੌਰ 'ਤੇ:** ***https://bit.ly/3Tk3cXV***

**ਡਾਕ ਰਾਹੀਂ ਅਪਲਾਈ ਕਰੋ:** ਇੱਥੇ Medi-Cal ਲਈ ਪ੍ਰਿੰਟ ਕੀਤੀਆਂ ਜਾ ਸਕਣ ਵਾਲੀਆਂ ਅਰਜ਼ੀਆਂ: ***http://bit.ly/3RRENIK***

### ਮਦਦ ਚਾਹੀਦੀ ਹੈ?

**ਆਪਣੇ ਭਾਈਚਾਰੇ ਵਿੱਚ ਮਦਦ ਲੱਭੋ ਅਤੇ ਹੋਰ!**
ਇਸ QR ਕੋਡ ਨੂੰ ਸਕੈਨ ਕਰੋ।
www.allinforhealth.org

## Medi-Cal ਲਈ 6 ਕਦਮ ਦਾ ਰੋਡਮੈਪ




### 1. ਆਪਣੀ ਯੋਗਤਾ ਦੀ ਜਾਂਚ ਕਰੋ

Medi-Cal ਯੋਗਤਾ ਮੁੱਖ ਤੌਰ 'ਤੇ ਤੁਹਾਡੀ ਆਮਦਨ ਅਤੇ ਰਾਜ ਦੀ ਰਿਹਾਇਸ਼ 'ਤੇ ਅਧਾਰਤ ਹੁੰਦੀ ਹੈ।

### 2. Medi-Cal ਲਈ ਅਰਜ਼ੀ ਦਿਓ

Medi-Cal ਦਾਖਲਾ ਖੁੱਲ੍ਹਾ ਹੈ ਅਤੇ ਸਾਰਾ ਸਾਲ ਉਪਲਬਧ ਹੁੰਦਾ ਹੈ। ਉੱਪਰ ਦਾਖਲੇ ਬਾਰੇ ਹੋਰ ਪੜ੍ਹੋ!

### 3. ਯੋਗਤਾ ਨਿਰਧਾਰਨ

ਕਾਉਂਟੀ ਯੋਗਤਾ ਲਈ ਤੁਹਾਡੀ ਅਰਜ਼ੀ 'ਤੇ ਪ੍ਰਕਿਰਿਆ ਕਰੇਗੀ।

### 4. ਸਿਹਤ-ਸੰਭਾਲ ਪਲਾਨ ਚੁਣੋ

Medi-Cal ਵਿੱਚ ਦਾਖਲ ਹੋਣ ਵਾਲੇ ਜ਼ਿਆਦਾਤਰ ਲੋਕਾਂ ਲਈ ਸਿਹਤ-ਸੰਭਾਲ ਪਲਾਨ ਵਿੱਚ ਦਾਖਲ ਹੋਣਾ ਲਾਜ਼ਮੀ ਹੁੰਦਾ ਹੈ।

### 5. ਦੇਖਭਾਲ ਪ੍ਰਾਪਤ ਕਰੋ

Medi-Cal ਡਾਕਟਰੀ ਤੌਰ 'ਤੇ ਲੁੜੀਂਦੀ ਸਾਰੀ ਦੇਖਭਾਲ ਨੂੰ ਕਵਰ ਕਰਦਾ ਹੈ।

### 6. ਆਪਣੀ Medi-Cal ਰੀਨਿਊ ਕਰੋ

ਬਹੁਤੇ ਲੋਕਾਂ ਨੂੰ ਹਰ ਸਾਲ ਆਪਣੀ Medi-Cal ਨੂੰ ਰੀਨਿਊ ਕਰਨਾ ਹੁੰਦਾ ਹੈ।

ਦਾਖਲ ਹੋਣ, ਦੇਖਭਾਲ ਪ੍ਰਾਪਤ ਕਰਨ ਅਤੇ Medi-Cal ਨੂੰ ਰੀਨਿਊ ਕਰਨ ਦੇ ਤਰੀਕੇ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਲਈ, ਕਿਰਪਾ ਕਰਕੇ ਪੰਨਾ 2 ਦੇਖੋ।

ਇਹ ਪਰਚਾ ਸੰਪੂਰਨ ਬੱਚਾ ਬਰਾਬਰੀ ਭਾਈਵਾਲੀ (Whole Child Equity Partnership) ਦੇ ਸਹਿਯੋਗ ਨਾਲ ਬਣਾਇਆ ਗਿਆ ਸੀ।

# Medi-Cal ਲਈ 6 ਕਦਮ

## ਕਦਮ 1

### ਆਪਣੀ ਯੋਗਤਾ ਦੀ ਜਾਂਚ ਕਰੋ

ਬੱਚੇ, ਗਰਭਵਤੀ ਅਤੇ ਬੱਚੇ ਦੇ ਜਨਮ ਤੋਂ ਬਾਅਦ 12 ਮਹੀਨੇ ਵਿਚਲੀਆਂ ਔਰਤਾਂ ਦੀ ਆਮਦਨੀ ਯੋਗਤਾ ਦਾ ਪੱਧਰ ਦੂਜੇ ਬਾਲਗਾਂ ਨਾਲੋਂ ਉੱਚਾ ਹੁੰਦਾ ਹੈ। ਤੁਹਾਡਾ ਬੱਚੇ (ਤੁਹਾਡੇ ਬੱਚੇ) ਹਾਲੇ ਵੀ Medi-Cal ਲਈ ਯੋਗ ਹੋ ਸਕਦੇ ਹਨ, ਭਾਵੇਂ ਪਰਿਵਾਰ ਦੇ ਬਾਲਗ ਮੈਂਬਰ ਹੁਣ ਯੋਗ ਨਹੀਂ ਰਹਿਣ।

**ਜੇ ਤੁਹਾਡੀ ਆਮਦਨ Medi-Cal ਯੋਗਤਾ ਪੱਧਰ ਤੋਂ ਉੱਪਰ ਹੈ, ਤਾਂ ਤੁਸੀਂ ਕਵਰਡ ਕੈਲੀਫੋਰਨੀਆ (Covered California) ਲਈ ਯੋਗ ਹੋ ਸਕਦੇ ਹੋ।** ਜੇ ਅਜਿਹਾ ਹੈ, ਤਾਂ Medi-Cal ਤੁਹਾਡੀ ਜਾਣਕਾਰੀ ਨੂੰ ਕਵਰਡ ਕੈਲੀਫੋਰਨੀਆ ਨੂੰ ਭੇਜ ਦੇਵੇਗਾ, ਜੋ ਤੁਹਾਨੂੰ ਤੁਹਾਡੇ ਆਟੋਮੈਟਿਕ ਦਾਖਲੇ ਅਤੇ ਇਸਨੂੰ ਐਕਟੀਵੇਟ ਕਰਨ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ ਬਾਰੇ ਜਾਣਕਾਰੀ ਭੇਜੇਗਾ। ***ਆਮਦਨ ਸੀਮਾ ਚਾਰਟ ਦੇਖੋ।***

## ਕਦਮ 2

### ਸ਼ਾਮਲ ਹੋਵੋ।

Medi-Cal ਲਈ ਵਿਅਕਤੀਗਤ ਤੌਰ 'ਤੇ, ਔਨਲਾਈਨ, ਡਾਕ ਦੁਆਰਾ, ਫੋਨ ਦੁਆਰਾ ਅਰਜ਼ੀ ਦਿਓ, ਜਾਂ ਆਪਣੇ ਭਾਈਚਾਰੇ ਵਿੱਚ ਮਦਦ ਲੱਭੋ। ਵਧੇਰੇ ਜਾਣਕਾਰੀ ਲਈ ਪੰਨਾ 1 'ਤੇ ਜਾਓ ਜਾਂ ਇੱਥੇ ਦਾਖਲਾ ਲਵੋ: *www.CoveredCA.com*

## ਕਦਮ 3

### ਯੋਗਤਾ ਨਿਰਧਾਰਨ

**ਤੁਹਾਡੇ ਅਰਜ਼ੀ ਦੇਣ ਤੋਂ ਬਾਅਦ:**

- ਤੁਹਾਨੂੰ ਡਾਕ ਦੁਆਰਾ ***ਸੰਭਾਵਿਤ ਯੋਗਤਾ ਦੀ ਸੂਚਨਾ*** ਪ੍ਰਾਪਤ ਹੋਵੇਗੀ। **ਨਵਾਂ!**—ਬਹੁਤ ਸਾਰੇ Medi-Cal ਯੋਗ ਬਿਨੈਕਾਰ ਹੁਣ ਅਸਲ ਸਮੇਂ ਵਿੱਚ ਦਾਖਲਾ ਪ੍ਰਾਪਤ ਕਰ ਸਕਦੇ ਹਨ। ਇਸਦਾ ਮਤਲਬ ਹੈ ਕਿ ਇੱਕ ਵਾਰ ਅਰਜ਼ੀ ਪ੍ਰਾਪਤ ਹੋਣ ਤੋਂ ਬਾਅਦ, **ਕਾਉਂਟੀ ਦੁਆਰਾ ਅਰਜ਼ੀ 'ਤੇ ਕਾਰਵਾਈ ਕਰਨ ਦੌਰਾਨ ਤੁਹਾਡੇ ਕੋਲ ਪੂਰੀ ਕਵਰੇਜ ਹੋਵੇਗੀ।** ਸਭ ਤੋਂ ਤੇਜ਼ "ਅਸਲ ਸਮਾਂ" ("real-time") ਦਾਖਲੇ ਲਈ, *www.CoveredCA.com* ਰਾਹੀਂ Medi-Cal ਲਈ ਅਰਜ਼ੀ ਦਿਓ (ਡਾਕ ਦੁਆਰਾ ਜਮ੍ਹਾਂ ਕਰਵਾਈਆਂ ਅਰਜ਼ੀਆਂ ਕਾਉਂਟੀ ਨੂੰ ਅਰਜ਼ੀ ਪ੍ਰਾਪਤ ਹੋਣ 'ਤੇ ਤੇਜ਼ੀ ਨਾਲ ਦਾਖਲਾ ਸ਼ੁਰੂ ਕਰਦੀਆਂ ਹਨ)।
- ਤੁਹਾਨੂੰ ***ਕਾਰਵਾਈ ਦਾ ਅੰਤਮ ਨੋਟਿਸ*** ਮਿਲੇਗਾ ਜੋ ਤੁਹਾਨੂੰ ਸੂਚਿਤ ਕਰੇਗਾ ਕਿ ਕੀ ਤੁਸੀਂ Medi-Cal ਪ੍ਰਾਪਤ ਕਰ ਸਕਦੇ ਹੋ। ਜੇ ਤੁਹਾਨੂੰ Medi-Cal ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਡੇ ਕੋਲ ਅਪੀਲ ਕਰਨ ਦਾ ਅਧਿਕਾਰ ਹੈ। *800-952-5253* 'ਤੇ ਕਾਲ ਕਰਕੇ, ਜਾਂ ਲਿਖਤੀ ਰੂਪ ਵਿੱਚ ਬੇਨਤੀ ਕਰਕੇ ***ਰਾਜ ਦੀ ਨਿਰਪੱਖ ਸੁਣਵਾਈ (State Fair Hearing)*** ਲਈ ਕਰੋ।
- ਜੇ ਤੁਸੀਂ ਯੋਗ ਹੋ, ਤਾਂ ਤੁਹਾਡੇ ਦੁਆਰਾ ਅਰਜ਼ੀ ਦੇਣ ਤੋਂ ਬਾਅਦ ਡਾਕ ਵਿੱਚ ਤੁਹਾਡਾ Medi-Cal ਕਾਰਡ ਪ੍ਰਾਪਤ ਕਰਨ ਵਿੱਚ 45 ਦਿਨ ਲੱਗ ਸਕਦੇ ਹਨ।

## ਕਦਮ 4

### ਸਿਹਤ-ਸੰਭਾਲ ਪਲਾਨ ਚੁਣੋ

**ਤੁਹਾਨੂੰ ਡਾਕ ਵਿੱਚ ਆਪਣੇ ਹੈਲਥ ਪਲਾਨ ਵਿਕਲਪ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਕਿਸੇ ਹੈਲਥ ਪਲਾਨ ਦੀ ਚੋਣ ਕਰਨੀ ਚਾਹੀਦੀ ਹੈ। ਜੇ ਤੁਸੀਂ 30 ਦਿਨਾਂ ਦੇ ਅੰਦਰ ਕੋਈ ਪਲਾਨ ਨਹੀਂ ਚੁਣਦੇ ਹੋ, ਤਾਂ Medi-Cal ਤੁਹਾਡੇ ਲਈ ਇੱਕ ਪਲਾਨ ਚੁਣੇਗਾ।** ਤੁਹਾਡੇ ਲਈ ਉਪਲਬਧ ਹੈਲਥ ਪਲਾਨ **ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਤੁਸੀਂ ਕਿਸ ਕਾਉਂਟੀ ਵਿੱਚ ਰਹਿੰਦੇ ਹੋ।**

ਆਪਣੇ ਵਿਕਲਪ ਲੱਭਣ ਲਈ Medi-Cal ***ਮੈਨੇਜਡ ਕੇਅਰ ਹੈਲਥ ਪਲਾਨ ਡਾਇਰੈਕਟਰੀ (Managed Care Health Plan Directory)*** 'ਤੇ ਜਾਓ।

ਵਧੇਰੇ ਜਾਣਕਾਰੀ ਲਈ ***ਸਿਹਤ-ਸੰਭਾਲ ਵਿਕਲਪ (Health Care Options)*** ਵੈੱਬਸਾਈਟ 'ਤੇ ਜਾਓ।

## ਕਦਮ 5

### ਦੇਖਭਾਲ ਪ੍ਰਾਪਤ ਕਰੋ।

**ਮੁਢਲੀ ਦੇਖਭਾਲ ਡਾਕਟਰ ਲੱਭੋ। ਆਪਣੇ ਸਿਹਤ ਪਲਾਨ ਨੂੰ ਤੁਹਾਡੇ ਨੇੜੇ ਉਪਲਬਧ ਕੋਈ ਡਾਕਟਰ ਲੱਭਣ ਵਿੱਚ ਮਦਦ ਕਰਨ ਲਈ ਕਹੋ।** ਅਪਾਇੰਟਮੈਂਟਾਂ ਲੈਣ, ਵਿਆਖਿਆ ਸੇਵਾਵਾਂ ਪ੍ਰਾਪਤ ਕਰਨ, ***ਅਪਾਇੰਟਮੈਂਟਾਂ ਲਈ ਮੁਫ਼ਤ ਆਵਾਜਾਈ ਪ੍ਰਾਪਤ ਕਰਨ (get free transportation to appointments)***, ਅਤੇ ਟੈਲੀਹੈਲਥ (telehealth) ਦੀ ਵਰਤੋਂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡਾ ਹੈਲਥ ਪਲਾਨ ਲੜੀਂਦਾ ਹੈ।

Medi-Cal ਵਿੱਚ ਸਕ੍ਰੀਨਿੰਗਾਂ (ਪਤਾ ਲਗਾਉਣ ਲਈ ਜਾਂਚਾਂ), ਮਾਨਸਿਕ ਸਿਹਤ, ਨਜ਼ਰ, ਦੰਦਾਂ ਦੀਆਂ ਸੇਵਾਵਾਂ ਅਤੇ ਡਾਕਟਰੀ ਤੌਰ 'ਤੇ ਜ਼ਰੂਰੀ ਹੋਰ ਸਾਰੀ ਦੇਖਭਾਲ ਲਈ ਸਾਰੇ ਖਰਚੇ ਕਵਰ ਕੀਤੇ ਜਾਂਦੇ ਹਨ।

**ਡੈਂਟਲ ਹੋਮ ਲੱਭੋ।** Medi-Cal ਬੱਚਿਆਂ ਅਤੇ ਬਾਲਗਾਂ ਦੋਵਾਂ ਨੂੰ ਦੰਦਾਂ ਦੇ ਲਾਭ ਪੇਸ਼ ਕਰਦਾ ਹੈ। Medi-Cal ਦੰਦਾਂ ਦਾ ਡਾਕਟਰ ਲੱਭਣ ਲਈ *SmileCalifornia.org* 'ਤੇ ਜਾਓ।

**ਬੱਚੇ ਅਤੇ ਕਿਸ਼ੋਰ।** ਬੱਚਿਆਂ ਅਤੇ ਕਿਸ਼ੋਰਾਂ ਲਈ Medi-Cal ਤੁਹਾਡੇ ਬੱਚੇ ਨੂੰ ਜਨਮ ਤੋਂ ਲੈ ਕੇ 21 ਸਾਲ ਦੀ ਉਮਰ ਤੱਕ ਸਿਹਤਮੰਦ ਰੱਖਣ ਲਈ ਮੁਫ਼ਤ ਸੇਵਾਵਾਂ ਮੁਹੱਈਆ ਕਰਦਾ ਹੈ। ਹੋਰ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: *https://bit.ly/3T1Ga8e*



**2024 ਵਿੱਤੀ ਮਦਦ**

**ਤੁਸੀਂ ਜਾਂ ਤੁਹਾਡਾ ਪਰਿਵਾਰ ਕਵਰਡ ਕੈਲੀਫੋਰਨੀਆ ਹੇਠ ਮੁਫ਼ਤ Medi-Cal ਜਾਂ *ਪ੍ਰੀਮੀਅਮ ਸਹਾਇਤਾ* ਲਈ ਯੋਗ ਹੋ ਸਕਦੇ ਹੋ।**

ਆਮਦਨੀ ਅਤੇ ਪਰਿਵਾਰ ਦੇ ਆਕਾਰ ਦਾ ਹਿਸਾਬ ਲਗਾਉਣ ਸੰਬੰਧੀ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: *www.allinforhealth.org/financial-help*

## ਕਦਮ 6

### ਰੀਨਿਊ ਕਰੋ।

ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ Medi-Cal ਕੋਲ ਤੁਹਾਡਾ ਮੌਜੂਦਾ ਪਤਾ ਅਤੇ ਅੱਪਡੇਟ ਕੀਤਾ ਫੋਨ ਨੰਬਰ ਹੈ ਤਾਂ ਜੋ ਤੁਹਾਡੀ ਕਵਰੇਜ ਰੀਨਿਊ ਕਰਾਉਣ ਦਾ ਸਮਾਂ ਆਉਣ 'ਤੇ, ਉਹ ਤੁਹਾਡੇ ਨਾਲ ਸੰਪਰਕ ਕਰ ਸਕਣ। ਜੇ ਤੁਹਾਨੂੰ ਕੋਈ ਰੀਨਿਊਲ ਨੋਟਿਸ ਮਿਲਦਾ ਹੈ, ਤਾਂ ਯਕੀਨੀ ਬਣਾਓ ਕਿ ਤੁਸੀਂ ਕਾਰਵਾਈ ਕਰਦੇ ਹੋ!

**ਇਹਨਾਂ ਕਦਮਾਂ ਦਾ ਪਾਲਨ ਕਰੋ:**

- ਰੀਨਿਊਲ ਬਾਰੇ ਅੱਪਡੇਟ ਪ੍ਰਾਪਤ ਕਰਨ ਲਈ *BenefitsCal.com* ਖਾਤਾ ਸੈਟ-ਅੱਪ ਕਰੋ।
- ਆਪਣੀ ਸੰਪਰਕ ਜਾਣਕਾਰੀ ਵਿੱਚ ਤਬਦੀਲੀਆਂ ਜਮ੍ਹਾਂ ਕਰੋ ਤਾਂ ਜੋ Medi-Cal ਰੀਨਿਊਲਾਂ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕੇ।
- ਰੀਨਿਊਲ ਫਾਰਮ ਪ੍ਰਾਪਤ ਹੋਣ 'ਤੇ ਉਸ ਨੂੰ ਭਰੋ ਅਤੇ ਜਮ੍ਹਾ ਕਰੋ (ਔਨਲਾਈਨ, ਫੋਨ ਰਾਹੀਂ, ਡਾਕ ਦੁਆਰਾ, ਜਾਂ ਵਿਅਕਤੀਗਤ ਤੌਰ 'ਤੇ)।

**ਅਕਸਰ ਹੀ ਜਦੋਂ ਪਰਿਵਾਰ ਦੀ ਆਮਦਨੀ ਵੱਧ ਜਾਂਦੀ ਹੈ, ਤੁਹਾਡਾ ਬੱਚੇ (ਤੁਹਾਡੇ ਬੱਚੇ) ਹਾਲੇ ਵੀ Medi-Cal ਲਈ ਯੋਗ ਹੋ ਸਕਦੇ ਹਨ, ਭਾਵੇਂ ਪਰਿਵਾਰ ਦੇ ਬਾਲਗ ਮੈਂਬਰ ਹੁਣ ਯੋਗ ਨਹੀਂ ਰਹੇ।** ਆਪਣੇ ਬੱਚੇ(ਬੱਚਿਆਂ) ਦੀ ਮੁਫ਼ਤ Medi-Cal ਕਵਰੇਜ ਬਣਾਏ ਰੱਖਣ ਲਈ Medi-Cal ਰੀਨਿਊਲ ਬਾਰੇ ਜਾਣਕਾਰੀ ਭਰੋ ਅਤੇ ਜਮ੍ਹਾਂ ਕਰਾਓ ਭਾਵੇਂ ਤੁਸੀਂ ਰੁਜ਼ਗਾਰਦਾਤਾ ਕਵਰੇਜ (employer coverage) ਜਾਂ ਕਵਰਡ ਕੈਲੀਫੋਰਨੀਆ (Covered California) ਵਿੱਚ ਦਾਖਲ ਹੋਏ ਹੋ ਸਕਦੇ ਹੋ।

ਫੋਸਟਰ ਦੇਖਭਾਲ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਉਹਨਾਂ ਨੌਜਵਾਨਾਂ ਜੋ ਪਹਿਲਾਂ ਫੋਸਟਰ ਦੇਖਭਾਲ ਵਿੱਚ ਰਹੇ ਹਨ, ਨੂੰ ਆਪਣੀ ਕਵਰੇਜ ਰੀਨਿਊ ਕਰਾਉਣ ਦੀ ਲੋੜ ਨਹੀਂ ਹੁੰਦੀ ਹੈ। ਬੱਚੇ ਨੂੰ ਜਨਮ ਦੇਣ ਵਾਲੀਆਂ ਕੀਤਿਆਂ ਔਰਤਾਂ ਨੂੰ ਵੀ ਬੱਚਾ ਪੈਦਾ ਕਰਨ ਦੇ ਬਾਅਦ 12 ਮਹੀਨਿਆਂ ਤੱਕ ਆਪਣੀ ਕਵਰੇਜ ਰੀਨਿਊ ਕਰਾਉਣ ਦੀ ਲੋੜ ਨਹੀਂ ਹੁੰਦੀ ਹੈ।

**ਕਵਰਡ ਕੈਲੀਫੋਰਨੀਆ**

**ਜੇਕਰ ਤੁਸੀਂ Medi-Cal ਲਈ ਯੋਗ ਨਹੀਂ ਹੋ:**

- ਕਵਰਡ ਕੈਲੀਫੋਰਨੀਆ ਕਈ ਤਰ੍ਹਾਂ ਦੇ ਸਿਹਤ ਪਲਾਨ ਪੇਸ਼ ਕਰਦਾ ਹੈ। ਉਹ ਪਲਾਨਾਂ ਦੀ ਤੁਲਨਾ ਕਰਨ ਅਤੇ ਹਰੇਕ ਵਿਅਕਤੀ ਦੀ ਲੋੜ ਮੁਤਾਬਕ ਸਭ ਤੋਂ ਵਧੀਆ ਪਲਾਨ ਚੁਣਨ ਵਿੱਚ ਮਦਦ ਕਰਦੇ ਹਨ। ਵਧੇਰੀ ਜਾਣਕਾਰੀ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ: *www.CoveredCA.com*
- ਕਈ ਸਾਰੇ ਕੈਲੀਫੋਰਨੀਆ ਵਾਸੀ ਪ੍ਰੀਮੀਅਮ ਟੈਕਸ ਕ੍ਰੈਡਿਟ ਰਾਹੀਂ ਜਾਂ ਫਿਰ ਦਾਖਲ ਹੋਣ ਵਾਲਿਆਂ ਵੱਲੋਂ ਆਪਣੇ ਸਿਹਤ ਪਲਾਨ ਲਈ ਕੀਤੇ ਜਾਂਦੇ ਭੁਗਤਾਨ ਵਿੱਚੋਂ ਕਟੌਤੀਆਂ ਰਾਹੀਂ ਵਿੱਤੀ ਸਹਾਇਤਾ ਲਈ ਯੋਗ ਹੋ ਸਕਦੇ ਹਨ (ਇਸ ਨੂੰ ਲਾਗਤ-ਸਾਂਝ ਕਟੌਤੀਆਂ ਕਿਹਾ ਜਾਂਦਾ ਹੈ)।
- ਖੁੱਲ੍ਹਾ ਦਾਖਲਾ ਸਾਲ ਦਾ ਉਹ ਸਮਾਂ ਹੁੰਦਾ ਹੈ ਜਦੋਂ ਹਰ ਕੋਈ ਕਵਰਡ ਕੈਲੀਫੋਰਨੀਆ ਰਾਹੀਂ ਇੱਕ ਯੋਜਨਾ ਲਈ ਅਰਜ਼ੀ ਦੇ ਸਕਦਾ ਹੈ। ਖੁੱਲ੍ਹੇ ਦਾਖਲੇ ਦੌਰਾਨ ਜਾਂ ਫਿਰ ਜਦੋਂ ਵੀ ਤੁਹਾਡੇ ਨਾਲ ਕੋਈ ਜੀਵਨ ਬਦਲਣ ਵਾਲੀ ਘਟਨਾ ਹੋਵੇ, ਜਿਵੇਂ ਕਿ ਨੌਕਰੀ ਚਲੇ ਜਾਣਾ ਜਾਂ ਬੱਚਾ ਪੈਦਾ ਹੋਣਾ, ਸ਼ਾਮਲ ਹੋਵੋ। ਘਟਨਾ ਦੇ ਬਾਅਦ ਦਾਖਲਾ ਪੂਰਾ ਕਰਨ ਲਈ ਤੁਹਾਡੇ ਕੋਲ 60 ਦਿਨ ਹੁੰਦੇ ਹਨ।

**www.allinforhealth.org**

© The Children's Partnership 2024